## ਭਗਤ ਰਵਿਦਾਸ - ਸਬਦ ੩੮

## ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥

ਰਾਗੁ ਮਲਾਰ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੧੨੯੩

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

ਸਾਰ: ਅਗਿਆਨਤਾ ਵਿਚ ਡੁੱਬੇ ਸਮਾਜ ਵਿਚ, ਪਛਾਣਾਂ ਬਾਹਰੀ ਪ੍ਰਭਾਵਾਂ ਦੁਆਰਾ ਤ੍ਰਾਸ਼ੀਆਂ ਜਾਂਦੀਆਂ ਹਨ, ਜਿਸ ਨਾਲ ਕਈ ਆਪਣੇ ਆਪ ਨੂੰ ਪਰਿਭਾਸ਼ਿਤ ਕਰਦੇ ਹੋਏ ਦੂਜਿਆਂ ਪ੍ਰਤੀ ਨਿਰਣਾਮਈ ਟਿੱਪਣੀਆਂ ਦਿੰਦੇ ਹਨ ਜੋ ਸੱਚੇ ਬਿਬੇਕ ਦੀ ਥਾਂ ਸਤਹੀ ਪੱਧਰ ਤੱਕ ਅਧਾਰਿਤ ਹੁੰਦੀਆਂ ਹਨ। ਇਸ ਨਾਲ ਸਾਡੇ ਸਵੈ-ਮੁਲ ਦੀ ਭਾਵਨਾ, ਸਥਿਤੀ, ਦਿੱਖ ਅਤੇ ਦੂਜਿਆਂ ਤੋਂ ਪ੍ਰਾਪਤ ਪ੍ਰਮਾਣਿਕਤਾ ਨਾਲ ਜੁੜ ਜਾਂਦੀ ਹੈ। ਸਮੇਂ ਦੇ ਨਾਲ, ਅਸੀਂ ਸਮਾਜਿਕ ਤੌਰ 'ਤੇ ਸਵੀਕਾਰਯੋਗ ਦਿੱਖ ਦੇ ਧਾਰਨੀ ਹੋ ਸਕਦੇ ਹਾਂ, ਪਰ ਇਸ ਵਿਚ ਪ੍ਰਮਾਣਿਕਤਾ ਦੀ ਘਾਟ ਹੁੰਦੀ ਹੈ, ਜਿਸ ਨਾਲ ਸਾਡੇ ਅਸਲ ਸਵੈ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਜਿਹੜੇ ਲੋਕ ਸਮਾਜਿਕ ਜਾਂ ਧਾਰਮਿਕ ਮਰਿਯਾਦਾਵਾਂ ਦੀ ਪਾਲਣਾ ਨਹੀਂ ਕਰਦੇ ਹਨ, ਉਨ੍ਹਾਂ ਨੂੰ ਅਕਸਰ ਮਖੌਲ, ਵਿਤਕਰੇ, ਅਤੇ ਸਮਾਜਿਕ ਬੇਦਖਲੀ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਵੀ, ਉਨ੍ਹਾਂ ਕੋਲ ਸਮਾਜ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਤੋਂ ਪਾਰ, ਅਸਲ ਵਿਚ ਵਿਚ ਜਾਗਰੂਕ ਹੋਣ ਦੀ ਸਮਰੱਥਾ ਹੁੰਦੀ ਹੈ ਜੋ ਉਹ ਆਪਣੀ ਹੋਂਦ ਅਤੇ ਸਵੈ-ਮੁਲ ਦੀ ਦਾਵੇਦਾਰੀ ਨੂੰ ਮੁੜ-ਸੁਰਜੀਤ ਕਰ ਕਲਾਵੇ ਵਿਚ ਲੈਂਦੇ ਹਨ।

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਸ਼ਹਿਰਦਾਰੀ ਵਿਚ, ਮੇਰੀ ਸਮਾਜਿਕ ਪਛਾਣ ਇਕ ਮਾਮੂਲੀ ਚਮੜੇ ਦੀ ਕਿਰਤ ਕਰਨ ਵਾਲੇ ਵੱਜੋਂ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਮਾਜਿਕ ਅਤੇ ਧਾਰਮਿਕ ਕੱਟੜਤਾ ਕਿਸ ਤਰ੍ਹਾਂ ਵਿਤਕਰੇ ਦੀਆਂ ਹੱਦ-ਬੰਦੀਆਂ ਖੜ੍ਹੀਆਂ ਕਰਦੀ ਹੈ।

ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਫਿਰ ਵੀ, ਮੈਂ ਆਪਣੇ ਹਿਰਦੇ ਅੰਦਰ, ਵਿਸ਼ਵਵਿਆਪੀ ਹਕੀਕਤ ਦੇ ਲਾਸਾਨੀ ਤੱਤਸਾਰ ਨੂੰ ਪਿਆਰ ਕਰਦਾ ਹਾਂ ਅਤੇ ਉਸ ਬਾਰੇ ਚਿੰਤਨ ਕਰਦਾ ਹਾਂ। ਇਹ ਭਾਵ ਜਾਗਰੂਕਤਾ ਦੀ ਗੂੰਜ ਦੇ ਰੂਪ ਵਿਚ ਅੰਤਰੀਵੀ ਇਕਸੁਰਤਾ ਦਾ ਸੁਝਾਅ ਦਿੰਦਾ ਹੈ, ਜੋ ਸਮਾਜਿਕ ਜਾਂ ਧਾਰਮਿਕ ਪਰਿਭਾਸ਼ਾਵਾਂ ਤੋਂ ਪਰੇ ਹੁੰਦਾ ਹੈ। (੧)(ਠਹਿਰਾਉ)

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥
ਜੇਕਰ ਗੰਗਾ ਦੇ ਪਵਿੱਤਰ ਜਲ ਤੋਂ ਸ਼ਰਾਬ ਵੀ ਬਣਾਈ ਜਾਂਦੀ ਹੋਵੇ, ਤਾਂ ਸਿਆਣੇ ਲੋਕ ਇਸਦਾ ਸੇਵਨ ਨਹੀਂ ਕਰਦੇ। ਇਹ ਭਾਵ ਪ੍ਰਤੀਕਾਤਮਕ ਨਿਰਮਲਤਾ ਤੋਂ ਜੀਵਤ ਜਾਗਰੂਕਤਾ ਵੱਲ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ, ਕਿਉਂਕਿ ਉੱਚ ਸਮਾਜਿਕ ਰੁਤਬਾ ਇਕ ਭ੍ਰਿਸ਼ਟ ਮਨੋਬਿਰਤੀ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਜੇਕਰ ਪਵਿੱਤਰ ਨਦੀ ਗੰਗਾ ਵਿਚ ਅਸ਼ੁੱਧ ਸ਼ਰਾਬ ਜਾਂ ਗੰਦਾ ਪਾਣੀ ਪਾਇਆ ਜਾਂਦਾ ਹੈ, ਤਾਂ ਇਹ ਇਸ ਵਿਚ ਸਮਾ ਜਾਂਦਾ ਹੈ ਅਤੇ ਫਿਰ ਵੱਖ ਨਹੀਂ ਹੋ ਸਕਦਾ। ਇਹ ਭਾਵ ਦਰਸਾਉਂਦਾ ਹੈ ਕਿ ਕਿਵੇਂ ਵਿਸ਼ਵਵਿਆਪੀ ਹਕੀਕਤ ਦੇ ਤੱਤਸਾਰ ਦੀ ਸੂਝ ਵਿਤਕਰਿਆਂ ਤੋਂ ਉੱਪਰ ਚੁੱਕਦੀ ਹੈ ਜੋ ਬਾਹਰੀ ਸਬੰਧਾਂ ਦੁਆਰਾ ਬਦਲੀ ਨਹੀਂ ਜਾਂਦੀ। (੧)

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥
ਤਾਰ ਦੇ ਰੁੱਖ ਦਾ ਰਸ, ਜੋ ਨਸ਼ੀਲੇ ਪਦਾਰਥ ਬਣਾਉਣ ਲਈ ਵਰਤਿਆ ਜਾਂਦਾ ਹੈ, ਨੂੰ ਅਸ਼ੁੱਧ ਮੰਨਿਆ ਜਾਂਦਾ ਹੈ। ਮੈਂ ਹੈਰਾਨ ਹੁੰਦੀ ਹੈ ਕਿ ਕੀ ਇਸਦੇ ਪੱਤਿਆਂ ਤੋਂ ਬਣੇ ਕਾਗਜ਼ ਨੂੰ ਵੀ ਇਸੇ ਤਰ੍ਹਾਂ ਮੰਨਿਆ ਜਾਣਾ ਚਾਹੀਦਾ

ਹੈ? ਇਹ ਵਿਚਾਰ ਸਾਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਸਾਡੇ ਨਿਰਣੇ ਮੂਲ ਹਕੀਕਤ ਨਾਲੋਂ ਸਮਾਜਿਕ ਪਰੰਪਰਾਵਾਂ ਦੁਆਰਾ ਵਧੇਰੇ ਤ੍ਰਾਸ਼ੇ ਜਾਂਦੇ ਹਨ।

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥
ਪਰ ਜਦੋਂ ਸ਼ਰਧਾਲੂ ਕਾਗਜ਼ 'ਤੇ ਬਿਬੇਕ ਦੇ ਸ਼ਬਦ ਲਿਖਦੇ ਹਨ, ਤਾਂ ਇਹ ਧਰਮ ਗ੍ਰੰਥ ਬਣ ਜਾਂਦਾ ਹੈ, ਜਿਸ ਅੱਗੇ ਲੋਕ ਫਿਰ ਮੱਥਾ ਟੇਕਦੇ ਹਨ ਅਤੇ ਪੂਜਾ ਕਰਦੇ ਹਨ। ਇਹ ਵਿਰੋਧਾਭਾਸ ਦਵੈਤ ਵਿਚ ਡੁੱਬੀ ਮਾਨਸਿਕਤਾ ਨੂੰ ਦਰਸਾਉਂਦਾ ਹੈ, ਜੋ ਇਸ ਸੱਚਾਈ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਸਕਾਰਾਤਮਕ ਅਤੇ ਨਕਾਰਾਤਮਕ ਇਕ ਥਾਂ ਵਸਦੀ ਹੈ। (੨)

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਮੇਰੀ ਜਾਤ ਵਾਲੇ ਖੱਲ ਲਾਉਣ, ਇਸ ਦਾ ਚਮੜਾ ਤਿਆਰ ਕਰਨਾ, ਅਤੇ ਬਨਾਰਸ ਦੇ ਬਾਹਰਵਾਰ ਮਰੇ ਪਸ਼ੂਆਂ ਨੂੰ ਢੋਣ ਦੀ ਕਿਰਤ ਕਰਦੇ ਹਨ। ਇਹ ਕਿੱਤਿਆਂ ਵਿਚ ਪਏ ਗੂੜ੍ਹ ਸਮਾਜਿਕ ਪਾੜੇ ਨੂੰ ਉਜਾਗਰ ਕਰਦਾ ਹੈ, ਜੋ ਅਸਮਾਨਤਾ ਅਤੇ ਸਮਾਜ ਦੇ ਹਾਸ਼ੀਏ 'ਤੇ ਧੱਕਣ ਵਾਲੇ ਵਿਸ਼ਵਾਸਾਂ ਵਿਚ ਜੜ੍ਹੇ ਹੁੰਦੇ ਹਨ।

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥
ਭਗਤ ਰਵਿਦਾਸ ਕਹਿੰਦੇ ਹਨ, ਹੁਣ ਮੈਂ ਉਨ੍ਹਾਂ ਗੁਣੀ ਵਿਦਵਾਨਾਂ ਨੂੰ ਨਮਨ ਕਰਦਾ ਹਾਂ ਜੋ ਸਰਵ ਵਿਆਪਕ ਵਿਸ਼ਵਵਿਆਪੀ ਚੇਤਨਾ ਨੂੰ ਅੰਤਰੀਵੀ ਪਨਾਹ ਵਜੋਂ ਵਿਚਾਰਦੇ ਹਨ। ਇਹ ਅਨੁਭਵੀ ਮਨੋਬਿਰਤੀ ਸਮਾਜਿਕ ਦਬਾਅ ਤੋਂ ਪਾਰ ਅੰਤਰੀਵੀ ਬਿਬੇਕ ਨੂੰ ਪਛਾਣ, ਦਰਜਾਬੰਦੀ ਦੀਆਂ ਹੱਦਾਂ ਤੋਂ ਪਾਰ ਹੋ ਜਾਂਦੀ ਹੈ। (੩)(੧)

ਤੱਤ: ਭਗਤ ਰਵਿਦਾਸ ਉਸ ਸਮਾਜਿਕ ਅਤੇ ਧਾਰਮਿਕ ਪਛਾਣ ਦੀ ਪੂਰੀ ਦਲੇਰੀ ਨਾਲ ਆਲੋਚਨਾ ਕਰਦੇ ਹਨ ਜੋ ਸਾਡੀ ਪਵਿੱਤਰਤਾ ਦੀਆਂ ਧਾਰਨਾਵਾਂ ਦਾ ਸਮਰਥਨ ਕਰਦੀ ਹੈ। ਉਹ ਤਾੜ ਦੇ ਰੁੱਖ ਦੀ ਉਦਾਹਰਣ ਦਿੰਦੇ ਹਨ, ਜਿਸਦਾ ਰਸ ਨਸ਼ੀਲੇ ਪਦਾਰਥਾਂ ਨਾਲ ਜੁੜੇ ਹੋਣ ਕਾਰਨ ਅਸ਼ੁੱਧ ਮੰਨਿਆ ਜਾਂਦਾ ਹੈ, ਜਦੋਂ ਕਿ ਇਸਦੇ ਪੱਤਿਆਂ ਤੋਂ ਕਾਗਜ਼ ਬਣਦਾ ਹੈ ਅਤੇ ਇਹ ਪੱਤਰੇ ਧਰਮ ਗ੍ਰੰਥ ਲਿਖਣ ਲਈ ਕੰਮ ਆਉਂਦੇ ਹਨ। ਇਹ ਅਸੰਗਤਤਾ, ਜਿਸ ਵਿਚ ਇਕੋ ਰੁੱਖ ਦੀ ਨਿੰਦਾ ਅਤੇ ਉਸਤਤ ਕੀਤੀ ਜਾਂਦੀ ਹੈ ਜਦੋਂ ਕਿ ਇਸਦੀ ਮੂਲ ਪ੍ਰਕਿਰਤੀ ਅਬਦਲ ਰਹਿੰਦੀ ਹੈ। ਇਹ ਭਾਵ ਸਾਡੀਆਂ ਧਾਰਨਾਵਾਂ ਵਿਚਲੇ ਦਵੈਤ ਦੀ ਸੋਝੀ ਕਰਵਾਉਂਦਾ ਹੈ। ਇਹ ਰੂਪਕ ਉਸ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਸਮਾਜਿਕ ਧਾਰਨਾਵਾਂ ਦੁਆਰਾ ਸ਼ੁੱਧਤਾ ਜਾਂ

ਅਸ਼ੁੱਧਤਾ ਨੂੰ ਸ਼੍ਰੇਣੀਬੱਧ ਕਰਦੀ ਹੈ, ਸੰਪੂਰਨਤਾ ਨੂੰ ਵੇਖਣ ਦੀ ਸਾਡੀ ਯੋਗਤਾ ਵਿਚ ਰੁਕਾਵਟ ਪਾਉਂਦੀ ਹੈ। ਇਹ ਸੂਝ ਉਸ ਅੰਤਰੀਵੀ ਇਕਸੁਰਤਾ ਦੀ ਰੁਪਾਂਤ੍ਰਣਸ਼ੀਲ ਸਮਰਥਾ ਨੂੰ ਉਜਾਗਰ ਕਰਦੀ ਹੈ, ਜੋ ਪਦਵੀ ਅਧਾਰਿਤ ਵੰਡ ਨੂੰ ਖਤਮ ਕਰ, ਉਸ ਸਰਵਵਿਆਪਕਤਾ ਨੂੰ ਅਪਣਾ ਸਕਦੀ ਹੈ, ਜੋ ਸਾਡੇ ਸਾਰਿਆਂ ਲਈ ਸਾਂਝੀ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**